(i) Printed Pages : 3 Roll No. ..............................

(ii) Questions : 7 **Sub. Code : | 0 | 4 | 0 | 7 |**

**Exam. Code : | 0 | 0 | 0 | 5 |**

**B.A./B.Sc. (General) 5th Sem.**

**(2123)**

**PUNJABI**

**Paper : (Elective)**

**Time Allowed : Three Hours]** **[Maximum Marks : 90**

1. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸਕੇ ਵਿਆਖਿਆ ਕਰੋ :

(ੳ) ਸ਼ਹਿਰ ਭੰਬੋਰ ਮਕਾਨ ਇਲਾਹੀ ਬਾਗ ਬਹਿਸ਼ਤ ਬਣਾਇਆ।
ਫਰਸ਼ ਫਰੂਸ ਦਮਨ ਗੁਲ ਬੂਟਾ, ਹਰ ਇਕ ਜਾਤ ਲਗਾਇਆ।
ਨਦੀਆਂ ਹੌਜ਼ ਤਲਾਓ ਚੁਫੇਰੇ, ਰਲਮਿਲ ਖੂਬ ਸੁਹਾਇਆ।
ਹਾਸ਼ਮ ਰੂਹ ਰਹੇ ਵਿਚ ਫਸਿਆ, ਦਾਮ ਫਰੇਬ ਵਿਛਾਇਆ।

**ਜਾਂ**

(ਅ) ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ
ਜੈਸੇ ਬੇਲਿਓ ਨਿਕਲਦੇ ਸ਼ੇਰ ਮੀਆਂ
ਚੜ੍ਹੇ ਸਭ ਮਝੈਲ ਦੁਆਬੀਏ ਜੀ
ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ। 10

2. ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਸਪਸ਼ਟ ਕਰੋ :

(ੳ) ਲੈ ਕੇ ਸੱਠ ਸਹੇਲੀਆਂ ਹੀਰ ਚੱਲੀ (ਵਾਰਿਸ ਸ਼ਾਹ)

(ਅ) ਤ੍ਰਿੰਞਣ ਵਿਚ ਬੈਠੀ ਸੋਹਣੀ (ਫ਼ਜ਼ਲ ਸ਼ਾਹ)। 10

3. (i) ਕਿਸੇ **ਇਕ** ਵਾਰਤਾਲਾਪੀ-ਅੰਸ਼ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਉਹ ਪਖੰਡ ਦੇ ਵੈਰੀ ਨੇ, ਖਾਸ ਕਰਕੇ ਉਸ ਪਖੰਡ ਦੇ, ਜਿਹੜਾ ਮਨੁਖਤਾ ਨੂੰ ਦੁਖੀ ਕਰ ਰਿਹਾ ਏ। ਉਹ ਪਾਪ ਦੇ ਵੈਰੀ ਨੇ, ਪਾਪੀ ਦੇ ਨਹੀਂ (ਬਦਲ ਕੇ) ਭਾਵੇਂ ਆਪ ਜਾ ਕੇ ਵੇਖ ਲਵੋ।

(ਅ) ਇਨ੍ਹਾਂ ਕਿੱਥੇ ਰੱਜਣਾ ? ਇਹ ਤਾਂ ਚਾਹੁੰਦੇ ਨੇ ਕਿ ਸਦਾ ਹੀ ਗ੍ਰਹਿਣੇ ਰਹਿਣ ਦੇਵਤੇ ਤੇ ਲੋਕ ਦਿੰਦੇ ਰਹਿਣ ਦਾਨ ਇਨ੍ਹਾਂ ਨੂੰ, ਤਾਂ ਜੋ ਬਿਨ੍ਹਾਂ ਹੱਥ ਪੈਰ ਹਿਲਾਇਆਂ ਚਲਦਾ ਰਹੇ ਹਲਵਾ ਮੰਡਾ ਇਨ੍ਹਾਂ ਦਾ।

10

(ii) ਜਿਨੁ ਸਚੁ ਪਲੈ ਹੋਇ ਨਾਟਕ ਦੇ ਪਲਾਟ ਸਬੰਧੀ ਚਰਚਾ ਕਰੋ।

**ਜਾਂ**

ਨਾਟਕ ਵਿਚਲੇ ਪਾਤਰ 'ਪੰਨ ਦੇਈ' ਦਾ ਪਾਤਰ ਚਿਤਰਣ ਆਪਣੇ ਸ਼ਬਦਾਂ ਵਿੱਚ ਕਰੋ। 10

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਪੰਜ** ਪ੍ਰਸ਼ਨ ਹੱਲ ਕਰੋ :

(i) ਭਾਬੀਆਂ ਰਾਂਝੇ ਨੂੰ ਕੀ ਤਾਅਨੇ-ਮਿਹਣੇ ਦਿੰਦੀਆਂ ਹਨ ?

(ii) ਕਿੱਸੇ ਦੇ ਆਰੰਭ ਵਿੱਚ ਹਾਸ਼ਮ ਰੱਬ ਦੀ ਕਿਸ ਤਰ੍ਹਾਂ ਪ੍ਰਸੰਸਾ ਕਰਦਾ ਹੈ ?

(iii) ਸ਼ਾਹ ਮੁਹੰਮਦ ਅਨੁਸਾਰ ਸਿੱਖ ਫੌਜਾਂ ਦੀ ਹਾਰ ਦਾ ਕੀ ਕਾਰਨ ਸੀ ?

(iv) ਫ਼ਜ਼ਲ ਸ਼ਾਹ ਸੋਹਣੀ ਦੇ ਨੈਣਾਂ ਦੀ ਕਿਵੇਂ ਤਾਰੀਫ਼ ਕਰਦਾ ਹੈ ?

(v) ਜਿਨ ਸਚੁ ਪਲੈ ਹੋਇ ਨਾਟਕ ਦਾ ਵਿਸ਼ਾ ਕੀ ਹੈ ?

(vi) ਜਦੋਂ ਸੂਰਜ ਗ੍ਰਹਿਣ ਲੱਗਦਾ ਹੈ ਤਾਂ ਧੰਨ ਦੇਈ ਕੀ ਕਰਦੀ ਹੈ ?

(vii) ਸਿਪਾਹੀ ਮੁਕੱਦਮ ਨੂੰ ਕੀ ਕਹਿੰਦਾ ਹੈ ?

(viii) ਨਾਟਕ ਦੇ ਅੰਤ ਵਿੱਚ ਕੀ ਵਾਪਰਦਾ ਹੈ ? $5 \times 2 = 10$

5. ਕੋਈ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਗੁਰੂ ਨਾਨਕ ਕਾਲ ਦੀ ਕਿੱਸਾ ਕਾਵਿ ਧਾਰਾ ਨਾਲ ਸੰਖੇਪ ਜਾਣ-ਪਛਾਣ ਕਰਵਾਓ।

(ਅ) ਪੂਰਵ ਨਾਨਕ ਕਾਲ ਦੇ ਵਾਰ ਕਾਵਿ ਬਾਰੇ ਆਪਣੇ ਵਿਚਾਰ ਲਿਖੋ।

(ੲ) ਅਧਿਆਤਮਕ ਵਾਰਾਂ ਕੀ ਹਨ ? ਇਨ੍ਹਾਂ ਦੇ ਨਾਮ ਦੱਸੋ।

(ਸ) ਮੱਧ ਕਾਲ ਨੂੰ ਕਿੱਸਾ-ਕਾਵਿ ਦਾ ਸੁਨਹਿਰੀ ਕਾਲ ਕਿਉਂ ਕਿਹਾ ਜਾਂਦਾ ਹੈ ?

(ਹ) 18ਵੀਂ ਸਦੀ ਦੇ ਕੋਈ ਪੰਜ ਕਿੱਸਾਕਾਰਾਂ ਦੇ ਨਾਮ ਲਿਖੋ।

(ਕ) ਵਾਰਿਸ ਸ਼ਾਹ ਦੇ ਕਿੱਸੇ ਹੀਰ ਰਾਂਝਾਂ ਦੀਆਂ ਕੁਝ ਵਿਸ਼ੇਸ਼ਤਾਵਾਂ ਦੱਸੋ। $5 \times 4 = 20$

6. ਕਿਸੇ ਇੱਕ ਭਾਰਤੀ ਕਾਵਿ ਸੰਪ੍ਰਦਾਇ 'ਤੇ ਨੋਟ ਲਿਖੋ :

ਰੀਤੀ, ਔਚਿਤਯ 10

7. ਕਿਸੇ **ਇੱਕ** ਸਾਹਿਤ ਰੂਪ 'ਤੇ ਨੋਟ ਲਿਖੋ :

(ੳ) ਜਨਮਸਾਖੀ

(ਅ) ਵਾਰ। 10